Roll No. | | | | | | | |

**Series RKM**

**Code No. 42/1**

- Please check that this question paper contains 5 printed pages + 3 Maps.
- Code number given on the right hand side of the question paper should be written on the title page of the answer-book by the candidate.
- Please check that this question paper contains 24 questions.
- Please write down the serial number of the question before attempting it.

# SOCIAL SCIENCE

**(Punjabi Version)**

# ਸਮਾਜਿਕ ਵਿਗਿਆਨ

**(ਪੰਜਾਬੀ ਉਲਥਾ)**

*Time allowed : 3 hours* *Maximum Marks : 80*

*ਸਮਾਂ ਸੀਮਾਂ : 3 ਘੰਟੇ* *ਪੂਰਣ ਅੰਕ : 80*

***ਵਿਆਪਕ ਨਿਰਦੇਸ਼ :***

*(i) 2 ਅੰਕਾਂ ਵਾਲੇ ਹਰ ਇਕ ਪ੍ਰਸ਼ਨ ਦਾ ਉੱਤਰ 30 ਸ਼ਬਦਾਂ ਤੋਂ ਵਧ ਨ ਹੋਵੇਂ ।*

*(ii) 4 ਅੰਕਾਂ ਵਾਲੇ ਹਰ ਇਕ ਪ੍ਰਸ਼ਨ ਦਾ ਉੱਤਰ 60 ਤੋਂ 80 ਸ਼ਬਦਾਂ ਤੋਂ ਵਧ ਨ ਹੋਵੇਂ ।*

*(iii) 6 ਅੰਕਾਂ ਵਾਲੇ ਹਰ ਇਕ ਪ੍ਰਸ਼ਨ ਦਾ ਉੱਤਰ 100 ਤੋਂ 125 ਸ਼ਬਦਾਂ ਤੋਂ ਵਧ ਨ ਹੋਵੇਂ ।*

*(iv) ਮਾਨਚਿਤ੍ਰਾਂ ਨੂੰ ਉੱਤਰ-ਪੁਸਤਿਕਾ ਵਿੱਚ ਮਜ਼ਬੂਤੀ ਨਾਲ ਬਨ੍ਹੋ ।*

*(v) ਕਿਸੇ ਪ੍ਰਸ਼ਨ ਦੇ ਸਾਰੇ ਭਾਗਾਂ ਦਾ ਉੱਤਰ ਨਾਲ-ਨਾਲ ਦਿਉ ।*

*(vi) ਲੋੜ ਅਨੁਸਾਰ ਸਟੈਂਸਲਾਂ ਅਤੇ ਸਾਂਚਿਆਂ ਦੀ ਵਰਤੋਂ ਰੇਖਾ ਮਾਨਚਿਤ੍ਰ ਬਨਾਣ ਲਈ ਕਰ ਸਕਦੇ ਹੋ ।*

**1.** ਭਾਰਤ ਵਿੱਚ ਸਿਖਿਆ ਦਾ ਪ੍ਰਸਾਰ ਕਰਨ ਦੇ ਪਿਛੇ ਬ੍ਰਿਟਿਸ਼ ਸਰਕਾਰ ਦੇ ਕਿਨ੍ਹੀਂ ਦੋ ਮੁਖ ਉਦੇਸ਼ਾਂ ਦਾ ਉਲੇਖ ਕਰੋ । 2×1=2

**2.** ਲਾਰਡ ਕਰਜ਼ਨ ਦੁਆਰਾ ਬੰਗਾਲ ਵਿਭਾਜਨ ਤੇ ਭਾਰਤੀ ਲੋਕਾਂ ਦੁਆਰਾ ਕੀਤੀਆਂ ਗਈਆਂ ਪ੍ਰਤਿਕ੍ਰਿਆਵਾਂ ਦਾ ਉਲੇਖ ਕਰੋ । 2×1=2

**3.** ਨਵੀਕਰਣੀਯ ਸੰਸਾਧਨਾਂ ਅਤੇ ਅਨਵੀਕਰਣੀਯ ਸੰਸਾਧਨਾਂ ਵਿੱਚੋਂ ਦੋ ਬਿੰਦੂਆਂ ਵਿੱਚ ਅੰਤਰ ਲਿਖੋ । 2×1=2

4. ਭਾਰਤ ਵਿੱਚ ਸਭ ਤੋਂ ਮਹੱਤਪੂਰਣ ਅਨਾਜ ਦੀ ਫ਼ਸਲ ਕਿਹੜੀ ਹੈ ? ਇਸ ਫ਼ਸਲ ਦੇ ਦੋ ਪ੍ਰਮੁਖ ਉਤਪਾਦਕ ਰਾਜਾਂ ਦੇ ਨਾਮ ਦਸੋ । 1+1=2

5. ਆਰਥਿਕ ਵਿਕਾਸ ਲਈ ਕਾਇਮ ਰਹਿਣ ਵਾਲਾ ਵਿਕਾਸ ਕਿਉਂ ਜ਼ਰੂਰੀ ਹੈ ? ਦੋ ਕਾਰਣ ਦਿਉ । 2×1=2

6. ਸਾਡੇ ਸਮਾਜਿਕ ਵਿਕਾਸ ਵਿੱਚ ਜਾਤੀਵਾਦ ਕਿਵੇਂ ਰੁਕਾਵਟ ਪੈਦਾ ਕਰਦਾ ਹੈ ? ਕਿਨ੍ਹੀਂ ਦੋ ਬਿੰਦੂਆਂ ਨੂੰ ਸਪਸ਼ਟ ਕਰੋ । 2×1=2

7. ਭੂਖਲਨ ਲਈ ਜ਼ੁੰਮੇਵਾਰ ਕਿਨ੍ਹੀਂ ਦੋ ਮਾਨਵੀ ਕਾਰਕਾਂ ਦੀ ਵਿਆਖਿਆ ਕਰੋ । 2×1=2

8. ਕਿਨ੍ਹੀਂ ਦੋ ਪਰਿਸਥਿਤੀਆਂ ਦਾ ਵਿਸ਼ਲੇਸ਼ਣ ਕਰੋ ਜਿਨ੍ਹਾਂ ਦੇ ਕਾਰਨ ਯੂਰਪੀਨ ਵਪਾਰੀ ਕੰਪਨੀਆਂ ਨੇ ਅਠਾਰਵੀਂ ਸ਼ਤਾਬਦੀ ਵਿੱਚ ਭਾਰਤ ਦੇ ਰਾਜਨੀਤਿਕ ਮਾਮਲਿਆਂ ਵਿੱਚ ਦਖਲ ਦੇਣਾ ਪ੍ਰਾਰੰਭ ਕਰ ਦਿੱਤਾ । 2×1=2

9. ਹੇਠ ਦਿੱਤੀ ਗਈ ਤਸਵੀਰ ਵਿੱਚ ਭਾਰਤੀ ਰਾਸ਼ਟ੍ਰੀ ਨੇਤਾ ਨੂੰ ਪਹਿਚਾਣੋ ਅਤੇ ਉਸ ਦਾ ਨਾਮ ਲਿਖੋ । ਭਾਰਤੀ ਰਾਸ਼ਟ੍ਰੀਯਤਾ ਨੂੰ ਪ੍ਰੋਤਸਾਹਨ ਦੇਣ ਵਿੱਚ ਉਨ੍ਹਾਂ ਦੇ ਦੋ ਯੋਗਦਾਨਾਂ ਦਾ ਉਲੇਖ ਕਰੋ । 1+1=2



*ਨੋਟ : ਹੇਠ ਲਿਖਿਆ ਪ੍ਰਸ਼ਨ ਕੇਵਲ **ਨੇਤ੍ਰਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਨੰ. 9 ਦੀ ਥਾਂ ਤੇ ਹੈ ।*

ਭਾਰਤੀ ਰਾਸ਼ਟ੍ਰੀਯਤਾ ਨੂੰ ਪ੍ਰੋਤਸਾਹਨ ਦੇਣ ਵਿੱਚ ਸੁਰਿੰਦਰ ਨਾਥ ਬੈਨਰਜੀ ਦੇ ਕਿਨ੍ਹੀਂ ਦੋ ਯੋਗਦਾਨਾਂ ਦਾ ਉਲੇਖ ਕਰੋ । 2×1=2

10. ਭਾਰਤੀ ਕ੍ਰਿਸ਼ੀ ਉਤਪਾਦ ਵਿਸ਼ਵ ਬਜ਼ਾਰ ਵਿੱਚ ਕਿਸ ਪ੍ਰਕਾਰ ਟਿਕ ਸਕਦੇ ਹਨ ? ਇਸ ਸੰਬੰਧ ਵਿੱਚ ਕੋਈ ਦੋ ਉਪਾਉ ਸੁਝਾਉ । 2×1=2

11. ਮਨੁੱਖੀ ਵਿਕਾਸ ਤੇ ਬਲ ਦੇਣ ਵਾਲੇ ਵਿਭਿੰਨ ਖੇਤਰਾਂ ਦੀ ਪਹਿਚਾਣ ਕਰੋ । ਉਨ੍ਹਾਂ ਵਿਚੋਂ ਕਿਹੜਾ ਖੇਤਰ ਵਿਕਾਸ ਵਿੱਚ ਸਭ ਤੋਂ ਵਧ ਮਹੱਤਪੂਰਣ ਭੂਮਿਕਾ ਨਿਭਾਂਦਾ ਹੈ ? $1\frac{1}{2}+\frac{1}{2}=2$

12. ਜੇਕਰ ਤੁਸੀ ਕਿਸੀ ਜਲੇ ਹੋਏ ਵਿਅਕਤੀ ਨੂੰ ਦੇਖਿਆ ਹੈ ਤਾਂ ਉਸ ਅਵਸਥਾ ਵਿੱਚ ਆਪ ਉਸਦੀ ਕਿਸ ਪ੍ਰਕਾਰ ਸਹਾਇਤਾ ਕਰੋਗੇ ? ਕੋਈ ਦੋ ਉਪਾਉ ਸੁਝਾਉ । 2×1=2

13. ਆਮਤੌਰ ਤੇ ਖਣਿਜਾਂ ਨੂੰ ਕਿਹੜੇ ਦੋ ਵਰਗਾਂ ਵਿੱਚ ਵੰਡਿਆ ਗਿਆ ਹੈ ? ਹਰ ਇਕ ਵਰਗ ਦੇ ਖਣਜਾਂ ਦੀਆਂ ਤਿੰਨ ਤਿੰਨ ਵਿਸ਼ੇਸ਼ਤਾਈਆਂ ਲਿਖੋ । $1+1\frac{1}{2}+1\frac{1}{2}=4$

14. ਭਾਰਤ ਵਿੱਚ ਘਟ ਗਿਣਤੀ ਦੇ ਸੰਪਰਦਾਇਆਂ ਦੁਆਰਾ ਉਠਾਏ ਜਾਣ ਵਾਲੇ ਕਿਨ੍ਹੀਂ ਚਾਰ ਵਿਸ਼ੇਸ਼ ਅਧਿਕਾਰਾਂ ਦਾ ਵਰਣਨ ਕਰੋ । $4\times1=4$

**ਜਾਂ**

ਅਨੁਸੂਚੀਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਹਿਤਾਂ ਦੀ ਰਾਖੀ ਲਈ ਭਾਰਤੀ ਸੰਵਿਧਾਨ ਵਿੱਚ ਸ਼ਾਮਲ ਕਿਨ੍ਹੀਂ ਅਠ ਉਪਾਵਾਂ ਦਾ ਉਲੇਖ ਕਰੋ । $8\times\frac{1}{2}=4$

15. ਹੇਠ ਦਿੱਤੇ ਗਏ ਦੋ ਸੱਤੰਭਾਂ A ਅਤੇ B ਵਿੱਚ ਠੀਕ ਜੋੜੇ ਬਣਾਉ : $4\times1=4$

| *ਸੱਤੰਭ A* <br> *(ਲੇਖਕ)* | *ਸੱਤੰਭ B* <br> *(ਕਿਰਤ)* |
|---|---|
| ਸੋਮਦੇਵ | *ਪ੍ਰਿਥਵੀਰਾਜ ਰਾਸੋ* |
| ਕਲਹਣ | *ਗੀਤਗੋਵਿੰਦ* |
| ਜੈਦੇਵ | *ਰਾਜ-ਤਰੰਗਿਨੀ* |
| ਚੰਦਬਰਦਾਈ | *ਕਥਾ ਸਹਿਤ ਸਾਗਰ* |

**ਜਾਂ**

ਅਮੀਰ ਖੁਸਰੋ ਦੇ ਕਿਨ੍ਹੀਂ ਚਾਰ ਯੋਗਦਾਨਾਂ ਨੂੰ ਸਪਸ਼ਟ ਕਰੋ । $4\times1=4$

16. ਭਾਰਤ ਵਿੱਚ ਸੂਤੀ ਵਸਤ੍ਰ ਉਦਯੋਗ ਦੇ ਵਿਕੇਂਦ੍ਰੀਕਰਣ ਦੇ ਜ਼ੁੰਮੇਵਾਰ ਕਿੰਨ੍ਹੀ ਚਾਰ ਕਾਰਕਾਂ ਨੂੰ ਸਪਸ਼ਟ ਕਰੋ । $4\times1=4$

**ਜਾਂ**

ਭਾਰਚ ਵਿੱਚ ਉਦਯੋਗਾਂ ਦੁਆਰਾ ਉਤਪੰਨ ਵਾਯੂ ਪ੍ਰਦੂਸ਼ਣ ਨੂੰ ਨਿਯੰਤ੍ਰਿਤ ਕਰਨ ਵਾਲੇ ਕਿਨ੍ਹੀਂ ਚਾਰ ਕਾਰਕਾਂ ਨੂੰ ਸਪਸ਼ਟ ਕਰੋ । $4\times1=4$

17. "ਪਰਿਵਹਨ ਮਾਰਗ ਸਾਡੀ ਅਰਥ ਵਿਵਸਥਾ ਦੀਆਂ ਬੁਨਿਆਦੀ ਧਮਨੀਆਂ ਹਨ ।" ਇਸ ਕਥਨ ਦੀ ਚਾਰ ਉਦਹਾਰਣਾਂ ਦੀ ਸਹਾਇਤਾ ਨਾਲ ਪੁਸ਼ਟੀ ਕਰੋ । $4\times1=4$

18. ਭਾਰਤ ਸਰਕਾਰ ਦੁਆਰਾ ਗਰੀਬੀ ਦੀ ਸਮਸਿਆ ਨੂੰ ਹਲ ਕਰਨ ਲਈ ਉਠਾਏ ਗਏ ਚਾਰ ਉਪਾਵਾਂ ਦੀ ਵਿਆਖਿਆ ਕਰੋ । $4\times1=4$

19. ਸੰਸਾਰ ਵਿੱਚ ਗੁਟ-ਨਿਰਪੇਖ ਅੰਦੋਲਨ (NAM) ਕਿਸ ਪ੍ਰਕਾਰ ਦੂਜੇ ਸਭ ਤੋਂ ਵੱਡੇ ਰਾਜਨੀਤਿਕ ਸੰਗਠਨ ਦੇ ਰੂਪ ਵਿੱਚ ਹੋਂਦ ਵਿੱਚ ਆਇਆ ? ਸਪਸ਼ਟ ਕਰੋ । 4

20. ਭੂਕੰਪ ਵਿਰੋਧੀ ਭਵਨ ਦੀ ਰੂਪਰੇਖਾ ਅਤੇ ਬੁਨਿਆਦ ਕਿਵੇਂ ਹੋਣੀ ਚਾਹੀਦੀ ਹੈ ? ਹਰ ਇਕ ਲਈ ਦੋ-ਦੋ ਬਿੰਦੂ ਸਪਸ਼ਟ ਕਰੋ । 2+2=4

21. ਦੇਸ਼ ਵਿੱਚ ਜੰਗਲਾਂ ਦੀ ਸੁਰਖਿਆ ਲਈ 'ਰਾਸ਼ਟ੍ਰੀ ਵਨ ਨੀਤੀ' ਦੇ ਕਿਨ੍ਹੀਂ ਛੇ ਉਦੇਸ਼ਾਂ ਨੂੰ ਸਪਸ਼ਟ ਕਰੋ । 6×1=6

ਜਾਂ

ਜਲ ਸੁਰਖਿਆ ਲਈ ਅਪਣਾਏ ਗਏ ਕਿਨ੍ਹੀਂ ਛੇ ਉਪਾਵਾਂ ਦਾ ਵਰਣਨ ਕਰੋ । 6×1=6

22. ਮੁਲ ਵਰਿਧੀ ਜਾਨਣ ਲਈ ਵਰਤੇ ਜਾਣ ਵਾਲੇ ਦੋ ਪ੍ਰਕਾਰ ਦੇ ਸੂਚਕਾਂਕਾ ਦਾ ਉਲੇਖ ਕਰੋ । ਭਾਰਤ ਸਰਕਾਰ ਦੁਆਰਾ ਮੁਲ ਵਰਿਧੀ ਨੂੰ ਕੰਟਰੋਲ ਕਰਨ ਲਈ ਉਠਾਏ ਗਏ ਚਾਰ ਕਦਮਾਂ ਦਾ ਵਰਣਨ ਕਰੋ । 2+4=6

ਜਾਂ

ਉਪਭੋਗਤਾਵਾਂ ਦੇ ਹਿਤਾਂ ਦੀ ਰਖਿਆ ਲਈ ਸਰਕਾਰ ਦੁਆਰਾ ਅਪਣਾਏ ਗਏ ਤਿੰਨ ਪ੍ਰਕਾਰ ਦੇ ਉਪਾਵਾਂ ਦੀਆਂ ਦੋ-ਦੋ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । 3×2=6

23. ਉਨੀਵੀਂ ਸਦੀ ਵਿੱਚ ਭਾਰਤੀ ਰਾਸ਼ਟ੍ਰਵਾਦ ਦੇ ਵਿਕਾਸ ਵਿਚ ਯੋਗਦਾਨ ਦੇਣ ਵਾਲੇ ਕਿਨ੍ਹੀਂ ਛੇ ਕਾਰਕਾਂ ਨੂੰ ਸਪਸ਼ਟ ਕਰੋ । 6×1=6

ਜਾਂ

1857 ਦੇ 'ਮਹਾਂ ਵਿਦ੍ਰੋਹ' ਦੇ ਮਹਤੱਵ ਦੇ ਸੰਬੰਧ ਵਿੱਚ ਕਿਨ੍ਹੀਂ ਛੇ ਬਿੰਦੂਆਂ ਦੀ ਵਿਆਖਿਆ ਕਰੋ । 6×1=6

24. (a) (i) ਦਿੱਤੇ ਗਏ **ਭਾਰਤ** ਦੇ ਰਾਜਨੀਤਿਕ ਰੇਖਾ ਮਾਨਚਿਤ੍ਰ (ਪੰਨਾ 7) ਵਿੱਚ ਸੰਖਿਆ 1 ਦੁਆਰਾ ਉਸ ਸਥਾਨ ਨੂੰ ਵਿਖਾਇਆ ਗਿਆ ਹੈ ਜਿਥੇ ਪੂਰਣ ਸਵਰਾਜ ਦੇ ਪ੍ਰਸਤਾਵ ਦੀ ਘੋਸ਼ਣਾ ਕੀਤੀ ਗਈ ਸੀ । ਇਸ ਸਥਾਨ ਦੀ ਪਹਿਚਾਣ ਕਰੋ ਅਤੇ ਉਸ ਦਾ ਠੀਕ ਨਾਮ ਮਾਨਚਿਤ੍ਰ ਤੇ ਖਿਚੀ ਗਈ ਰੇਖਾ ਤੇ ਲਿਖੋ ।

(ii) **ਭਾਰਤ** ਦੇ ਇਸ ਮਾਨਚਿਤ੍ਰ (ਪੰਨਾ 7) ਵਿੱਚ ਉਸ ਰਾਜ ਨੂੰ ਛਾਂਇਆਂਕਿਤ ਕਰੋ ਅਤੇ ਉਸਦਾ ਨਾਮ ਲਿਖੋ ਜਿਥੇ 'ਗੋਲ ਗੁੰਬਜ' ਸਥਿਤ ਹੈ । 1+1=2

(b) ਦਿੱਤੇ ਗਏ **ਭਾਰਤ** ਦੇ ਰਾਜਨੀਤਿਕ ਰੇਖਾ ਮਾਨਚਿਤ੍ਰ (ਪੰਨਾ 9) ਤੇ ਚਾਰ ਭੂਗੋਲਿਕ ਲਛਣ A, B, C ਅਤੇ D ਦਿਖਾਏ ਗਏ ਹਨ । ਮਾਨਚਿਤ੍ਰ ਵਿੱਚ ਦਿੱਤੀ ਗਈ ਕੁੰਜੀ ਦੀ ਸਹਾਇਤਾ ਨਾਲ ਇਨ੍ਹਾਂ ਲਛਣਾਂ ਨੂੰ ਪਹਿਚਾਣੋ ਅਤੇ ਹਰ ਇਕ ਦੇ ਸਾਹਮਣੇ ਦਿਤੀ ਗਈ ਰੇਖਾ ਤੇ ਉਨ੍ਹਾਂ ਦੇ ਠੀਕ ਨਾਮ ਲਿਖੋ । 4×1=4

ਜਾਂ

ਦਿੱਤੇ ਗਏ **ਭਾਰਤ** ਦੇ ਰਾਜਨੀਤਿਕ ਰੇਖਾ ਮਾਨਚਿਤ੍ਰ (ਪੰਨਾ 11) ਵਿਚ ਹੇਠ ਲਿਖੀ ਭੂਗੋਲਿਕ ਲਛਣਾਂ ਦੀ ਸਥਿਤੀ ਵਿਖਾਉ ਅਤੇ ਉਨ੍ਹਾਂ ਦੇ ਨਾਮ ਲਿਖੋ : 4×1=4

(i) ਪੂਣੇ — ਸੂਤੀ ਵਸਤ੍ਰ ਕੇਂਦ੍ਰ

(ii) ਨਾਰੀਮਾਨਮ — ਤੇਲ ਸ਼ੋਧ-ਸ਼ਾਲਾ

(iii) ਰਾਵਤਭਾਟਾ — ਨਿਊਕਲੀਅਰ ਸ਼ਕਤੀ ਕੇਂਦ੍ਰ

(iv) ਵਿਸ਼ਾਖਾ-ਪੱਤਨਮ — ਸਮੁੰਦ੍ਰੀ ਪਤਨ

*ਨੋਟ :* *ਹੇਠ ਲਿਖਿਆ ਪ੍ਰਸ਼ਨ ਕੇਵਲ **ਨੇਤ੍ਰਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਨੰ. 24(a) ਅਤੇ (b) ਦੀ ਥਾਂ ਤੇ ਹੈ ।*

(i) ਉਸ ਸਥਾਨ ਦਾ ਨਾਮ ਦਸੋ ਜਿਥੇ ਪੂਰਣ ਸਵਰਾਜ ਦੇ ਪ੍ਰਸਤਾਵ ਦੀ ਘੋਸ਼ਣਾ ਕੀਤੀ ਗਈ ਸੀ ।

(ii) 'ਗੋਲ ਗੁੰਬਜ' ਕਿਸ ਰਾਜ ਵਿੱਚ ਸਥਿਤ ਹੈ ?


(iii) ਰਬਰ ਦਾ ਮੁੱਖ ਉਤਪਾਦਕ ਰਾਜ ਕਿਹੜਾ ਹੈ ?


(iv) ਉੱਤਰ-ਦਖਣੀ ਗਲਿਆਰੇ ਦੇ ਉੱਤਰੀ ਅੰਤਿਮ ਸਟੇਸ਼ਨ ਦਾ ਨਾਮ ਦਸੋ ।


(v) ਪਛਮੀ ਬੰਗਾਲ ਵਿੱਚ ਸਥਿਤ ਅੰਤਰਰਾਸ਼ਟ੍ਰੀ ਵਾਯੂ ਪਤਨ ਦਾ ਨਾਮ ਦਸੋ ।

(vi) ਉੜੀਸਾ ਵਿੱਚ ਸਥਿਤ ਸਾਫਟਵੇਅਰ ਟੈਕਨਾਲੌਜੀ ਪਾਰਕ ਦਾ ਨਾਮ ਦਸੋ । $6\times1=6$

ਪ੍ਰਸ਼ਨ ਸੰ. 24(a) ਦੇ ਲਈ




ਭਾਰਤ ਰਾਜਨੀਤਿਕ
A
B
C
D
ਸੂਚੀ
A ● ਉੱਤਰ-ਦਖਣ ਗਲਿਆਰੇ ਦਾ ਉੱਤਰੀ ਅੰਤਿਮ ਸਟੇਸ਼ਨ
B ⬠ ਸਾਫਟਵੇਯਰ ਪ੍ਰੌਧੋਗਿਕੀ ਪਾਰਕ
C ■ ਅੰਤਰਰਾਸ਼ਟ੍ਰੀ ਵਾਯੁ-ਪੱਤਨ
D ਰਬਰ ਦਾ ਅਗ੍ਰਣੀ ਉਤਪਾਦਕ ਰਾਜ


ਭਾਰਤ ਰਾਜਨੀਤਿਕ